ਨੰਬਰ. . . . . . . . . ./ਪਾਰਟ/272/61 ਮਿਤੀ. . . . . . . . . . . . .

ਵੱਲੋਂ

ਮੁੱਖ ਇੰਜੀਨੀਅਰ/ਨਹਿਰਾਂ,
ਜੱਲ ਸਰੋਤ ਵਿਭਾਗ, ਪੰਜਾਬ,
ਚੰਡੀਗੜ੍ਹ।

ਵੱਲ

1. ਨਿਗਰਾਨ ਇੰਜੀਨੀਅਰ,
ਸਰਹੰਦ ਕੈਨਾਲ ਸਰਕਲ,
ਲੁਧਿਆਣਾ।

2. ਨਿਗਰਾਨ ਇੰਜੀਨੀਅਰ,
ਆਈ.ਬੀ. ਸਰਕਲ,
ਪਟਿਆਲਾ।

ਵਿਸ਼ਕਲ **ਖ੍ਰੀਫ ਸਮੇਂ ਮਿਤੀ 23-04-2018 ਤੋਂ ਮਿਤੀ 23-10-2018 ਤੱਕ ਸਰਹੰਦ ਕੈਨਾਲ ਸਿਸਟਮ ਦੀਆਂ ਨਹਿਰਾਂ ਦੇ ਚਲਾਉਣ ਦਾ ਵਾਰੀ ਬੰਦੀ ਪ੍ਰੋਗਰਾਮ।**

*******

ਸਰਹੰਦ ਕੈਨਾਲ ਸਿਸਟਮ ਦੀਆਂ ਨਹਿਰਾਂ ਦਾ ਖ੍ਰੀਫ ਸਮੇਂ ਦੌਰਾਨ ਮਿਤੀ 23-04-2018 ਤੋਂ ਮਿਤੀ 23-10-2018 ਤੱਕ ਚਲਾਉਣ ਦਾ ਮੁੱਖ ਇੰਜੀਨੀਅਰ/ਨਹਿਰਾਂ ਜੀ ਵੱਲੋ ਮੰਨਜੂਰਸ਼ੁਦਾ ਪ੍ਰੋਗਰਾਮ ਤਿਆਰ ਕਰਕੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ। ਰੈਵੀਨਿਊ ਮੈਨੂਅਲ ਦੇ ਪੈਰਾ 13.13 ਅਨੁਸਾਰ ਇਸ ਵਾਰੀ ਬੰਦੀ ਪ੍ਰੋਗਰਾਮ ਨੂੰ ਸਾਰੇ ਸਬੰਧਤ ਲੋਕਾਂ ਅਤੇ ਕਾਸ਼ਤਕਾਰਾਂ ਦੀ ਆਮ ਜਾਣਕਾਰੀ ਲਈ ਇਸ ਦਾ ਕਾਫੀ ਪ੍ਰਚਾਰ ਕੀਤਾ ਜਾਵੇ। ਜਦੋਂ ਸਰਹੰਦ ਕੈਨਾਲ ਸਿਸਟਮ ਦੇ ਦੋਹਾਂ ਗਰੁੱਪਾਂ ਦਾ 'ਇੰਨਡੈਂਟ' ਵੱਧ ਹੋਵੇ ਅਤੇ ਪਾਣੀ ਦੀ ਉਪਲੱਬਤਾ ਘੱਟ ਹੋਵੇ ਤਾਂ ਇਸ ਵਾਰੀ ਬੰਦੀ ਪ੍ਰੋਗਰਾਮ ਨੂੰ ਪ੍ਰਚਲੱਤ ਕੀਤਾ ਜਾਵੇ।

ਇੱਥੇ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਇਹੋ ਜਿਹਾ ਵਾਰੀ ਬੰਦੀ ਪ੍ਰੋਗਰਾਮ ਸਾਰੇ ਰਜਬਾਹਿਆਂ ਲਈ ਵੀ ਬਣਾਇਆ ਜਾਵੇ ਅਤੇ ਸਬੰਧਤ ਕਾਰਜਕਾਰੀ ਇੰਜੀਨੀਅਰ ਆਪਣੀ ਨਿਗਰਾਨੀ ਹੇਠ ਇਸ ਨੂੰ ਲਾਗੂ ਕਰਨ, ਤਾਂ ਕਿ ਨਹਿਰ ਦੇ ਪਾਣੀ ਦੀ ਬੇਤਰਤੀਬੀ ਵੰਡ ਬਾਰੇ ਕੋਈ ਸ਼ਿਕਾਇਤ ਨਾ ਆਵੇ। ਇਸ ਗੱਲ ਦਾ ਵੀ ਧਿਆਨ ਰੱਖਿਆ ਜਾਵੇ ਕਿ ਹਰੇਕ ਰਜਬਾਹਾ ਆਪਣੀ ਵਾਰੀ ਮੁਤਾਬਿਕ ਪੂਰੇ 8 ਦਿਨਾਂ ਲਈ ਪੂਰੀ ਸਮਰੱਥਾ ਨਾਲ ਚਲੇ, ਜਦੋਂ ਕਿ ਬਰਾਂਚ/ਨਹਿਰ ਵਿੱਚ ਪਾਣੀ ਦੀ ਉਪਲੱਬਤਾ ਘੱਟ ਹੋਵੇ ਜਾਂ 'ਇਨਡੈਂਟ' ਮੁਤਾਬਿਕ ਨਾ ਚੱਲਦੀ ਹੋਵੇ।

ਇਸ ਵਾਰੀ ਬੰਦੀ ਪ੍ਰੋਗਰਾਮ ਦੀਆਂ ਕਾਪੀਆਂ ਸਾਰੇ ਨਹਿਰੀ ਵਿਸ਼ਰਾਮ ਘਰਾਂ/ਰੈਗੂਲੇਟ ਕਰਨ ਵਾਲੀਆਂ ਥਾਂਵਾਂ/ਮੁੱਖ ਨਹਿਰਾਂ, ਰਜ਼ਬਾਹਿਆਂ ਦੇ ਹੈਡ ਅਤੇ ਪਿੰਡਾਂ ਦੇ ਪੰਚਾਇਤ ਘਰਾਂ ਵਿੱਚ ਲਾਈਆਂ ਜਾਣ ਅਤੇ ਇੱਕ ਇੱਕ ਕਾਪੀ ਸਬੰਧਤ ਪਿੰਡਾਂ ਦੇ ਸਰਪੰਚਾਂ ਨੂੰ ਵੀ ਦਿੱਤੀ ਜਾਵੇ, ਤਾਂ ਕਿ ਕਾਸ਼ਤਕਾਰਾਂ ਨੂੰ ਸਾਲ 2018 ਦੇ ਖ੍ਰੀਫ ਸਮੇਂ ਵਿੱਚ ਪਾਣੀ ਦੀ ਉਪਲਬੱਧਤਾ ਬਾਰੇ ਪੂਰੀ ਜਾਣਕਾਰੀ ਮਿਲ ਸਕੇ।

ਇਸ ਪ੍ਰੋਗਰਾਮ ਨੂੰ ਤਿਆਰ ਕਰਕ¶ ਭੇਜਣ ਬਾਰੇ ਆਪ ਜੀ ਨੂੰ ਇਸ ਦਫ਼ਤਰ ਦੇ ਪੱਤਰ ਨੰਬਰ 203-204/3 ਪਾਰਟ/272/61, ਮਿਤੀ 23-02-2018 ਅਤੇ ਕੈਨਾਲ ਵਾਇਰ ਨੰਬਰ 1213, ਮਿਤੀ 12-03-2018 ਦੇ ਰਾਹੀ ਲਿਖਿਆ ਗਿਆ ਸੀ। ਪਰਤੂੰ ਆਪ ਜੀ ਦੇ ਦੱਫਤਰ ਵਲੋਂ ਭੇਜਿਆ ਜਵਾਬ ਨਾਂ ਮੰਨਣੋਂ ਯੋਗ ਹੈ ਕਿਉਕੀ ਆਪ ਦੇ ਦਫਤਰ ਵਲੋਂ ਨਹਿਰਾ ਨੂੰ ਚਲਾਉਣ ਦਾ ਡਿਸਚਾਰਜ ਭੇਜਿਆ ਹੈ ਜਦੋ ਕਿ ਇਸ ਦਫਤਰ ਵਲੋਂ ਨਹਿਰਾ ਨੂੰ ਚਲਾਉਣ ਦਾ ਰੋਟੇਸ਼ਨ ਮੰਗਿਆ ਸੀ ।ਸਮੇਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਇਹ ਪ੍ਰੋਗਰਾਮ ਤਿਆਰ ਕਰਕੇ ਭੇਜਿਆ ਜਾਂਦਾ ਹੈ।

ਜੇਕਰ ਇਸ ਵਾਰੀ ਬੰਦੀ ਪ੍ਰੋਗਰਾਮ ਨੂੰ ਬਦਲਣ ਜਾਂ ਸੋਧਣ ਦੀ ਜ਼ਰੂਰਤ ਮਹਿਸੂਸ ਹੋਵੇ ਤਾਂ ਮੁੱਖ ਇੰਜੀਨੀਅਰ/ਨਹਿਰਾਂ ਨਾਲ ਸਲਾਹ ਮਸ਼ਵਰਾ ਕੀਤਾ ਜਾਵੇ।

ਨੱਥੀ/ਵਾਰੀ ਬੰਦੀ ਪ੍ਰੋਗਰਾਮ

ਕਾਰਜਕਾਰੀ ਇੰਜੀਨੀਅਰ/ਰੈਗੂਲੇਸ਼ਨ,
ਵਾ: ਮੁੱਖ ਇੰਜੀਨੀਅਰ/ਨਹਿਰਾਂ, ਜੱਲ ਸਰੋਤ ਵਿਭਾਗ,
ਪੰਜਾਬ, ਚੰਡੀਗੜ੍ਹ।

ਦੀਆਂ ਚਾਰ ਕਾਪੀਆਂ